
# ਮਦਰ ਟੈਰੇਸਾ ਆਈ.ਟੀ.ਆਈ. ਵਿਖੇ ਵਿਸ਼ਵ ਨੌਜਵਾਨ ਕੁਸ਼ਲਤਾ ਦਿਵਸ



ਦਸੂਹਾ, ਜੁਲਾਈ (ਸ.ਗ.ਬ.)- ਮਦਰ ਟੈਰੇਸਾ ਆਈ.ਟੀ.ਆਈ. ਦਸੂਹਾ ਵਿਖੇ ਨੌਜਵਾਨਾਂ ਵਿੱਚ ਹੁਨਰ ਤੇ ਯੋਗਤਾ ਪੈਦਾ ਕਰਨ ਲਈ ਭਾਰਤ ਸਰਕਾਰ ਦੇ ਆਦੇਸ਼ਾਂ ਅਨੁਸਾਰ ਵਿਸ਼ਵ ਕੁਸ਼ਲਤਾ ਦਿਵਸ ਮਨਾਇਆ ਗਿਆ। ਜਿਸ ਵਿੱਚ ਕਾਲਜ ਦੇ ਚੇਅਰਮੈਨ ਕੁਲਵੀਰ ਸਿੰਘ ਵੱਲੋਂ ਮਾਨਯੋਗ ਪ੍ਰਧਾਨ ਮੰਤਰੀ ਦੁਆਰਾ ਜਾਰੀ ਕੀਤੀਆਂ ਯੋਜਨਾਵਾਂ ਸੰਬੰਧੀ ਚਾਨਣਾ ਪਾਇਆ ਗਿਆ, ਜਿੱਥੇ ਕਿ 24 ਲੱਖ ਨੌਜਵਾਨਾਂ ਨੂੰ ਇਸ ਮਿਸ਼ਨ ਦੇ ਅਧੀਨ ਕੁਸ਼ਲਤਾ ਸਿਖਲਾਈ ਦਿੱਤੀ ਜਾਵੇਗੀ ਤੇ ਆਉਣ ਵਾਲੇ ਪੰਜ ਸਾਲਾਂ ਵਿੱਚ ਕਰਜ਼ੇ ਵੰਡੇ ਜਾਣਗੇ। ਜਿਸ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕੇਗਾ। ਜੇਕਰ ਨੌਜਵਾਨਾਂ ਵਿੱਚ ਵਧੇਰੇ, ਹੁਨਰ ਤੇ ਕੁਸ਼ਲਤਾ ਹੋਵੇਗੀ ਤਾਂ ਹੀ ਦੇਸ਼ ਤਰੱਕੀ ਕਰ ਸਕੇਗਾ। ਇਸ ਨਾਲ ਜਿੱਥੇ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕੇਗਾ ਉੱਥੇ ਰੋਜ਼ਗਾਰ ਦੇ ਵਧੇਰੇ ਮੌਕੇ ਮਿਲਣਗੇ। ਇਸ ਸਮੇਂ ਡੀਜ਼ਲ ਮਕੈਨਿਕ ਦੇ ਇੰਨਸਟ੍ਰਕਟਰ ਗੁਰਪ੍ਰੀਤ ਸਿੰਘ ਨੇ ਮਕੈਨੀਕਲ ਕੰਮ ਸੰਬੰਧੀ ਨੌਜਵਾਨਾਂ ਨੂੰ ਜਾਣਕਾਰੀ ਦਿੱਤੀ। ਅੰਤ ਵਿੱਚ ਇਸ ਦਿਨ ਦੀ ਮਹੱਤਤਾ ਨੂੰ ਦੱਸਦੇ ਹੋਏ ਆਈ.ਟੀ.ਆਈ. ਦੀ ਕੈਸ਼ੀਅਰ ਸਰਨਜੀਤ ਕੌਰ ਨੇ ਆਏ ਹੋਏ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।